# Instructions for candidate

1. ਉਮੀਦਵਾਰ ਨੂੰ ਪ੍ਰੀਖਿਆ ਸ਼ੁਰੂ ਹੋਣ ਵੇਲੇ ਆਪਣਾ ਐਡਮਿਟ ਕਾਰਡ (ਉਮੀਦਵਾਰ ਦੀ ਸਕੈਨਡ ਫੋਟੋ ਅਤੇ ਹਸਤਾਖਰ ਸਮੇਤ) ਅਤੇ ਫੋਟੋ ਆਈ.ਡੀ. ਕਾਰਡ ਦਿਖਾਉਣਾ ਜ਼ਰੂਰੀ ਹੋਵੇਗਾ। ਜੇਕਰ ਕਿਸੇ ਉਮੀਦਵਾਰ ਦੇ ਐਡਿਟ ਕਾਰਡ ਉਪਰ ਸਕੈਨਡ ਫੋਟੋ ਨਹੀਂ ਹੈ, ਤਾਂ ਉਸ ਹਾਲਤ ਵਿੱਚ ਜੇਕਰ ਉਮੀਦਵਾਰ ਕੋਲ ਐਡਮਿਟ ਕਾਰਡ ਉਪਰ ਚਿਪਕਾਈ ਹੋਈ ਫੋਟੋ ਕਿਸੇ ਗਜ਼ਟਰ ਅਫਸਰ ਜਾਂ ਸਕੂਲ ਪ੍ਰਿੰਸੀਪਲ ਤੋਂ ਤਸਦੀਕ ਸ਼ੁਦਾ ਹੋਵੇਗੀ ਅਤੇ ਉਸ ਉਮੀਦਵਾਰ ਕੋਲ ਫੋਟੋ ਆਈ ਕਾਰਡ ਹੋਵੇਗਾ, ਤਾਂ ਹੀ ਉਮੀਦਵਾਰ ਨੂੰ ਪੇਪਰ ਵਿੱਚ ਬੈਠਣ ਦਿੱਤਾ ਜਾਵੇਗਾ।
2. Transparent Bottle ਜਿਸ ਉਪਰ ਕੋਈ ਵੀ ਸਟਿੱਕਰ ਜਾਂ ਪ੍ਰਿੰਟ ਨਾ ਹੋਵੇ ਉਸ ਵਿੱਚ ਹੀ ਉਮੀਦਵਾਰ ਪਾਣੀ ਲਿਆ ਸਕਦਾ ਹੈ। ਉਮੀਦਵਾਰਾਂ ਦਾ ਐਡਮਿਟ ਕਾਰਡ ਦੇਖਕੇ ਹੀ ਪਰੀਖਿਆ ਕੇਂਦਰ ਵਿੱਚ ਦਾਖਲ ਹੋਣ ਦਿੱਤਾ ਜਾਵੇਗਾ। ਫੋਟੋ ਆਈ ਕਾਰਡ ਦਿਖਾਉਣਾ ਜ਼ਰੂਰੀ ਹੋਵੇਗਾ।
3. ਕਿਸੇ ਉਮੀਦਵਾਰ ਨੂੰ ਕੋਈ ਵੀ ਪ੍ਰੀਖਿਆ ਦੌਰਾਨ ਖਾਲੀ ਪੇਪਰ, ਮੋਬਾਈਲ ਫੋਨ, ਐਫ.ਐਮ ਰੇਡੀਓ ਅਤੇ ਕੈਲਕੂਲੇਟਰ ਜਾਂ ਕੋਈ ਹੋਰ ਇਲੈਕਟ੍ਰਾਨਿਕ ਡਿਵਾਈਜ਼ ਵਰਤਣ/ਨਾਲ ਲਿਜਾਣ ਦੀ ਸਖਤ ਮਨਾਹੀ ਹੈ।
4. ਸੈਂਟਰ ਵਿੱਚ ਅਲਕੋਹਲ (ਸ਼ਰਾਬ) ਜਾਂ ਸਿਗਰੇਟ ਆਦਿ ਪੀਣ ਜਾਂ ਪੀ ਕੇ ਆਉਣ ਦੀ ਸਖਤ ਮਨਾਹੀ ਹੈ। ਜੇਕਰ ਕੋਈ ਉਮੀਦਵਾਰ ਅਜਿਹਾ ਕਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।
5. ਉਮੀਦਵਾਰ ਕੇਵਲ ਨਿਰਧਾਰਿਤ ਸੀਟ ਤੇ ਹੀ ਬੈਠ ਸਕੇਗਾ। ਉਮੀਦਵਾਰ ਨੂੰ ਕਿਸੇ ਵੀ ਹਾਲਤ ਵਿੱਚ ਆਪਣੀ ਸੀਟ ਬਦਲਣ ਦੀ ਸਖਤ ਮਨਾਹੀ ਹੋਵੇਗੀ।
6. ਡਿਫਰੈਂਟਲੀ ਏਬਲਡ (ਅੱਖਾਂ ਤੋਂ ਜਾਂ ਕੇਵਲ ਹੱਥ ਤੋਂ) ਉਮੀਦਵਾਰਾਂ ਨੂੰ ਆਪੇ ਨਾਲ ਇੱਕ ਰਾਈਟਰ ਲਿਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ। ਅਜਿਹੀ ਹਾਲਤ ਵਿੱਚ ਉਸ ਉਮੀਦਵਾਰ ਨੂੰ ਆਪਣੀ ਡਿਫਰੈਂਟਲੀ ਏਬਲਡ ਦੀ ਯੋਗਤਾ ਦਾ ਸਰਟੀਫਿਕੇਟ ਦਿਖਾਉਣਾ ਜ਼ਰੂਰੀ ਹੋਵੇਗਾ।ਉਸ ਨੂੰ ਰਾਈਟਰ ਦਾ ਐਡਮਿਟ ਕਾਰਡ ਵੈਬਸਾਈਟ ਤੋਂ ਡਾਊਨਲੋਡ ਕਰਕੇ ਲੈ ਕੇ ਆਉਣਾ ਜ਼ਰੂਰੀ ਹੋਵੇਗਾ ਅਤੇ ਉਹ ਆਪਣੇ ਰਾਈਟਰ ਦੇ ਸਰਟੀਫਿਕੇਟ ਵੀ ਨਿਗਰਾਨ ਨੂੰ ਚੈੱਕ ਕਰਵਾਏਗਾ।
7. ਜੇਕਰ ਕੋਈ ਉਮੀਦਵਾਰ ਕਿਸੇ ਛੂਤਦੀ ਬਿਮਾਰੀ ਤੋਂ ਪ੍ਰਭਾਵਿਤ ਹੈ ਤਾਂ ਅਜਿਹੀ ਹਾਲਤ ਵਿੱਚ ਉਹ ਇਨਵਿਜੀਲੇਟਰ ਨੂੰ ਵੱਖਰੀ ਸੀਟ ਲੈਣ ਲਈ ਬੇਨਤੀ ਕਰ ਸਕਦਾ ਹੈ।

8. ਕੋਈ ਵੀ ਉਮੀਦਵਾਰ ਦਿੱਤੇ ਸਮੇਂ ਤੋਂ ਪਹਿਲਾਂ ਪ੍ਰੀਖਿਆ ਕੇਂਦਰ ਤੋਂ ਬਾਹਰ ਨਹੀਂ ਜਾ ਸਕਦਾ। ਕੋਈ ਐਮਰਜੈਂਸੀ ਹੋਣ ਤੇ ਹੀ ਉਮੀਦਵਾਰ ਸੈਂਟਰ ਸੁਪਰਡੰਟ ਦੀ ਪ੍ਰਵਾਨਗੀ ਨਾਲ ਹੀ ਸਮੇਂ ਤੋਂ ਪਹਿਲਾਂ ਸੈਂਟਰ ਤੋਂ ਬਾਹਰ ਆ ਸਕੇਗਾ।

9. ਉਮੀਦਵਾਰ ਆਪਣੀ ਜਾਣਕਾਰੀ ਭਰਨ ਲਈ ਦਿੱਤੇ ਗਏ ਗੋਲਿਆਂ ਨੂੰ ਚੰਗੀ ਤਰ੍ਹਾਂ ਨਾਲ ਕਾਲਾ ਕਰੇਗਾ। ਉਮੀਦਵਾਰ ਓ.ਐਮ.ਆਰ ਉੱਤਰ ਕਾਪੀ ਤੇ ਓਵਰ ਰਾਈਟਿੰਗ ਜਾਂ ਕਟਿੰਗ ਨਾ ਕਰੇ ਅਜਿਹਾ ਕਰਨ ਨਾਲ ਉਸਦਾ ਨਤੀਜਾ ਪ੍ਰਭਾਵਿਤ ਹੋ ਸਕਦਾ ਹੈ।

10. ਪ੍ਰਸ਼ਨ-ਪੱਤਰ ਦੇ ਚਾਰ ਸੈੱਟ A,B,C,D ਹੋਣਗੇ। ਉਮੀਦਵਾਰ ਆਪਣੀ ਉੱਤਰ ਪੁਸਤਕ ਤੇ ਆਪਣੇ ਦਿੱਤੇ ਹੋਏ ਸੈੱਟ ਵਾਲੇ ਗੋਲਿਆਂ ਨੂੰ ਧਿਆਨ ਨਾਲ ਭਰੇਗਾ ਅਤੇ ਲੋੜੀਂਦੀ ਜਾਣਕਾਰੀ ਲਿਖੇਗਾ।

11. PSTET ਪ੍ਰੀਖਿਆ ਦੇਣ ਵਾਲੇ ਉਮੀਦਵਾਰ ਆਪਸ਼ਨਲ ਪੇਪਰ ਲਈ ਕੇਵਲ ਸੰਬੰਧਿਤ ਪ੍ਰਸ਼ਨ-ਪੱਤਰ ਹੀ ਪੜ੍ਹਨ ਜੋ ਕਿ ਉਹਨਾਂ ਨੇ ਰਜਿਸਟਰੇਸ਼ਨ ਕਰਨ ਸਮੇਂ ਚੁਣਿਆ ਸੀ ਅਤੇ ਓ.ਐਮ.ਆਰ (OMR) ਉੱਤਰ ਪੁਸਤਕ ਵਿੱਚ ਉਸ ਪੇਪਰ ਦੀ ਹੀ ਜਾਣਕਾਰੀ ਦੇਣ।

12. ਗਲਤ ਉੱਤਰ ਲਈ ਕੋਈ ਨੈਗੇਟਿਵ ਮਾਰਕਿੰਗ ਨਹੀਂ ਹੋਵੇਗੀ। ਹਰੇਕ ਠੀਕ ਉੱਤਰ ਲਈ 1 (ਇੱਕ) ਅੰਕ ਦਿੱਤਾ ਜਾਵੇਗਾ। ਜੇਕਰ ਉਮੀਦਵਾਰ ਨੇ ਕੋਈ ਉੱਤਰ ਹੱਲ ਨਹੀਂ ਕੀਤਾ ਤਾਂ ਉਸ ਦਾ ਵੀ ਕੋਈ ਨੰਬਰ ਨਹੀਂ ਕੱਟਿਆ ਜਾਵੇਗਾ।

13. ਉਮੀਦਵਾਰ ਵੱਲੋਂ ਓ.ਐਮ.ਆਰ ਸ਼ੀਟ ਤੇ ਜ਼ਰੂਰੀ ਸੂਚਨਾ ਤੋਂ ਇਲਾਵਾ ਕੋਈ ਵੀ ਸਪੈਸ਼ਲ ਮਾਰਕ ਨਾ ਲਗਾਇਆ ਜਾਵੇ। ਜੇਕਰ ਅਜਿਹਾ ਕੋਈ ਸਪੈਸ਼ਲ ਮਾਰਕ ਉਮੀਦਵਾਰ ਦੀ ਸ਼ੀਟ ਤੇ ਪਾਇਆ ਜਾਂਦਾ ਹੈ ਤਾਂ ਉਸ ਦੀ ਓ.ਐਮ.ਆਰ ਸ਼ੀਟ ਰੱਦ ਕਰ ਦਿੱਤੀ ਜਾਵੇਗੀ।

14. ਜਦ ਤੱਕ ਉਮੀਦਵਾਰ ਨੂੰ ਪੇਪਰ ਬੁੱਕਲੈਟ ਖੋਲ੍ਹਣ ਲਈ ਨਾ ਕਿਹਾ ਜਾਵੇ ਉਸ ਸਮੇਂ ਤੱਕ ਪੇਪਰ ਬੁੱਕਲੈਟ ਨਾ ਖੋਲ੍ਹੀ ਜਾਵੇ। ਜੇਕਰ ਕੋਈ ਉਮੀਦਵਾਰ ਪੇਪਰ ਬੁੱਕਲੈਟ ਸਮੇਂ ਤੋਂ ਪਹਿਲਾਂ ਖੋਲ੍ਹਦਾ ਹੈ, ਤਾਂ ਉਸਦੇ ਖਿਲਾਫ ਨਿਯਮਾਂ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ।

15. ਉਮੀਦਵਾਰ ਪੇਪਰ ਖਤਮ ਹੋਣ ਤੋਂ ਬਾਅਦ ਪ੍ਰਸ਼ਨ-ਪੱਤਰ ਪੁਸਤਕਾਂ ਆਪਣੇ ਨਾਲ ਲਿਜਾ ਸਕਦਾ ਹੈ।

16. ਉਮੀਦਵਾਰ ਰਫ ਕੰਮ ਪ੍ਰਸ਼ਨ-ਪੱਤਰ ਪੁਸਤਕਾਂ ਤੇ ਦਿੱਤੀ ਜਗ੍ਹਾ ਉਪਰ ਹੀ ਕਰੇ।

17. ਉਮੀਦਵਾਰਾਂ ਨੂੰ ਇਸ ਸਬੰਧੀ ਕੋਈ ਮਾਣਭੱਤੀ (ਟੀ.ਏ/ਡੀ.ਏ) ਨਹੀਂ ਦਿੱਤਾ ਜਾਵੇਗਾ।